بِسۡمِ اللّٰہِ الرَّحۡمٰنِ الرَّحِیۡمِ نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਆ 21.07.2017

**ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ**

# ਜਲਸਾ ਸਾਲਾਨਾ ਬਰਤਾਨੀਆ ਦੇ ਆਗਮਨ’ਤੇ ਜਲਸੇ ਦੇ ਕਾਰਕੁਨਾ ਤੇ ਸਨਮਾਨ ਯੋਗ ਮਹਿਮਾਨਾ ਨੂੰ ਸੁਨਹਿਰੀ ਨਿਰਦੇਸ਼

ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 21 ਜੁਲਾਈ 2017 ਈ. ਨੂੰ ਮਸਜਿਦ ਬੈਅਤੁਲ ਫ਼ੁਤੂਹ ਲੰਦਨ ਵਿੱਚ ਦਿੱਤਾ ।

ਤਸ਼ੱਹੁਦ, ਤਊਜ਼ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਨੇ ਫ਼ਰਮਾਇਆ :

ਜਲਸਾ ਸਾਲਾਨਾ ਯੂਕੇ ਇੰਸ਼ਾਅਲੱਾਹ ਤਆਲਾ ਅਗਲੇ ਜੁਮਏ (ਸ਼ੁਕਰਵਾਰ) ਸ਼ੁਰੂ ਹੋ ਰਿਹਾ ਹੈ । ਰੱਬ ਦੀ ਮਿਹਰ ਨਾਲ ਜਲਸੇ ਵਿੱਚ ਭਾਗ ਲੈਂਣ ਵਾਲੇ ਹੋਰਨਾ ਦੇਸ਼ਾਂ ਦੇ ਮਹਿਮਾਨਾ ਦਾ ਆਗਮਨ ਅਰੰਭ ਹੋ ਚੁਕਿਆ ਹੈ ਅਤੇ ਜਿਵੇਂ ਜਿਵੇਂ ਜਲਸੇ ਦੇ ਦਿਨ ਨੇੜੇ ਆਉਂਦੇ ਜਾਂਦੇ ਹਨ ਨੇੜੇ ਅਤੇ ਦੂਰ ਦੇ ਦੇਸ਼ਾਂ ਦੇ ਮਹਿਮਾਨਾਂ ਦਾ ਆਗਮਨ ਵਿਚ ਵਾਧਾ ਹੁੰਦਾ ਜਾਵੇਗਾ । ਇਸੇ ਪ੍ਰਕਾਰ ਬਰਤਾਨੀਆ ਦੇ ਹੋਰਨਾਂ ਸ਼ਹਿਰਾਂ ਦੇ ਮਹਿਮਾਨ ਵੀ ਆਉਣੇ ਸ਼ੁਰੂ ਹੋ ਜਾਣਗੇ । ਜਲਸੇ ਦੇ ਮਹਿਮਾਨਾ ਵਿੱਚ ਅਹਮਦੀਆਂ ਤੋਂ ਬਿਨਾ ਜੋ ਜਲਸੇ ਦੀਆਂ ਬਰਕਤਾਂ ਤੋਂ ਲਾਭਵੰਤ ਹੋਣ ਲਈ ਆਉਂਦੇ ਹਨ ਕਈ ਹੋਰਨਾ ਦੇਸ਼ਾਂ ਤੋਂ ਗ਼ੈਰ ਅਹਮਦੀ ਅਤੇ ਗੈਰ ਮੁਸਲਿਮ ਮਹਿਮਾਨ ਵੀ ਆਉਂਦੇ ਹਨ ਜਿੰਨ੍ਹਾ ਵਿੱਚ ਕਈ ਦੇਸ਼ਾਂ ਦੇ ਸਰਕਾਰੀ ਪਧੱਰ ਦੇ ਨੁਮਾਇੰਦੇ ਜਾਂ ਸਰਕਾਰੀ ਅਫ਼ਸਰ ਜਾਂ ਪੜ੍ਹਿਆ ਲਿੱਖਿਆ ਤਬਕਾ ਜੋ ਅਸਰ ਰੁਸੂਖ ਵਾਲਾ ਹੁੰਦਾ ਹੈ ਭਾਗ ਲੈਂਦੇ ਹਨ । ਇਸੇ ਪ੍ਰਕਾਰ ਪ੍ਰੈਸ ਤੇ ਮੀਡੀਆ ਨਾਲ ਸੰਬੰਧ ਰਖੱਣ ਵਾਲਿਆਂ ਦੀ ਗਿਣਤੀ ਵਿਚ ਵੀ ਹੁਣ ਵਾਧਾ ਹੋਣਾ ਸ਼ੁਰੂ ਹੋ ਗਿਆ ਹੈ । ਇਹ ਸਾਰੇ ਆਉਣ ਵਾਲੇ ਬਹੁਤ ਹੀ ਡੂੰਘੀ ਦ੍ਰਿਸ਼ਟੀ ਨਾਲ ਸਾਡੀ ਹਰ ਚੀਜ

ਨੂੰ ਦੇਖਦੇ ਹਨ ਅਤੇ ਸਾਧਾਰਣਤਾ ਪ੍ਰਭਾਵਤ ਹੁੰਦੇ ਹਨ ਅਤੇ ਵਿਸ਼ੇਸ਼ ਰੂਪ ਵਿੱਚ ਜੱਦ ਸਾਡੀ ਵਿਵਸਥਾ ਨੂੰ ਦੇਖਦੇ ਹਨ ਜੋ ਕਿ ਸਾਰੀ ਹੀ ਸਵੈਸੇਵਕ ਵਿਵਸਥਾ ਹੈ ਤਾਂ ਇਹ ਚੀਜ਼ ਫਿਰ ਪ੍ਰਚਾਰ ਦੇ ਆਨੰਦਮਈ ਮਾਰਗ ਖੋਲਦੀ ਹੈ, ਹੋਰ ਪਰੀਚੇ ਹੁੰਦਾ ਹੈ, ਅਹਮਦੀਅਤ ਬਾਰੇ ਹੋਰ ਪੜਚੋਲ ਦਾ ਜਤਨ ਕਰਦੇ ਹਨ । ਸੋ, ਇਹਨਾਂ ਦਿਨਾਂ ਵਿੱਚ ਸਾਡੇ ਕੰਮ ਕਰਨ ਵਾਲੇ ਵਾਲੰਟੀਯਰਜ਼ ਪੁਰੁਸ਼, ਇਸਤਰੀ, ਬੱਚੇ ਤੇ ਬੱਚੀਆਂ ਇਕ ਚੁੱਪ ਪ੍ਰਚਾਰ ਕਰ ਰਹੇ ਹੁੰਦੇ ਹਨ ਅਤੇ ਪ੍ਰੈਸ ਰਾਹੀਂ ਅਹਦੀਅਤ ਦਾ ਪਰੀਚੇ ਗਲੋਬਲ ਦੁਨੀਆ ਵਿੱਚ ਬਹੁਤ ਵੱਡੇ ਪਧੱਰ'ਤੇ ਫੈਲਦਾ ਹੈ । ਹੁਣ ਪ੍ਰੈਸ ਦਾ ਧਿਆਨ ਸਾਧਾਰਣ ਦਿਨਾਂ ਵਿੱਚ ਵੀ ਕਈ ਵਾਰ ਕਈ ਗਲੋਂ ਕਰਕੇ ਜਮਾਤ ਵੱਲ ਹੋ ਰਿਹਾ ਹੈ । ਉਧਾਰਣ ਲਈ ਏਥੇ ਯੁਰੋਪ ਵਿੱਚ ਕੁਝ ਦਹਿਸ਼ਤ ਗਰਦੀ ਦੀਆਂ ਘਟਨਾਵਾਂ ਦੇ ਬਾਦ ਜਮਾਤ ਦੇ ਲੋਕਾਂ ਨੇ ਜਿੰਨ੍ਹਾ ਵਿੱਚ ਇਸਤਰੀਆਂ ਵੀ ਸਨ ਪੁਰੁਸ਼ ਵੀ ਸਨ ਉਹਨਾਂ ਨੇ ਇਸਲਾਮ ਦਾ ਸਹੀ ਸੰਦੇਸ਼ ਦੁਨੀਆ ਨੂੰ ਦੇਣ ਦਾ ਜਤਨ ਕੀਤਾ । ਇਹਨਾਂ ਘਟਨਾਵੰ ਦੇ ਬਾਦ ਸਾਡੇ ਪ੍ਰੈਸ ਸੈਕਸ਼ਨ ਨੇ ਵੀ ਬਹੁਤ ਵਡਾ ਕਿਰਦਾਰ ਨਿਭਾਇਆ । ਜਮਾਤ ਨੂੰ ਇਸਲਾਮ ਦੀ ਅਮਨ ਪਸੰਦ ਸਿੱਖਿਆ ਦੇ ਹਵਾਲੇ ਨਾਲ ਦੁਨੀਆ ਦੀ ਪ੍ਰੈਸ ਨੇ ਸੰਸਾਰ ਵਿੱਚ ਵੱਡੇ ਪਧੱਰ'ਤੇ ਪ੍ਰੀਚਿਤ ਕਰਾਇਆ ਹੈ । ਜਿਵੇਂ ਜਿਵੇਂ ਇਹ ਘਟਨਾਵਾਂ ਵੱਧ ਰਹੀਆਂ ਹਨ ਜਮਾਤ ਦਾ ਪਰੀਚੇ ਵੀ ਹੋਰ ਵੱਧ ਰਿਹਾ ਹੈ । ਬਹਿਰਹਾਲ ਜਲਸਾ ਸਾਲਾਨਾ ਦੇ ਦਿਨਾਂ ਵਿੱਚ ਵੀ ਰੱਬ ਇਸ ਰਾਹੀਂ ਇਸਲਾਮ ਦਾ ਪਰੀਚੇ ਕਰਵਾਉਣ ਦੇ ਵੱਡੇ ਪਧੱਰ'ਤੇ ਪ੍ਰਬੰਧ ਫ਼ਰਮਾ ਰਿਹਾ ਹੈ । ਜਲਸੇ ਦੇ ਪ੍ਰੋਗਰਾਮਾ ਭਾਸ਼ਣਾ ਆਦਿ ਰਾਹੀਂ ਜਿੱਥੇ ਅਹਮਦੀ ਰੂਹਾਨੀ ਤਰੱਕੀ ਕਰਨ ਦਾ ਜਤਨ ਕਰਦੇ ਹਨ ਓਥੇ ਗ਼ੈਰ ਅਹਮਦੀ ਮਹਿਮਾਨ ਤੇ ਪ੍ਰੈਸ ਵਿਦਿਆ ਤੇ ਆਸਥਾ ਦੇ ਪੱਖੋਂ ਸਾਡੀ ਸਿੱਖਿਆ ਨੂੰ ਸੁਣਨ ਦੇ ਨਾਲ ਨਾਲ ਸਾਧਾਰਣ ਤੌਰ'ਤੇ ਜਲਸੇ ਦੇ ਵਾਤਾਵਰਣ ਉਪੱਰ ਅਤੇ ਅਹਮਦੀ ਇਸਤਰੀਆਂ ਤੇ ਪੁਰੁਸ਼ਾਂ ਦੀ ਸਵੈਸੇਵਕਾਂ ਦੇ ਰੂਪ ਵਿੱਚ ਸੇਵਾ ਤੇ ਪ੍ਰਾਹੁਣਾਚਾਰੀ ਦੀ ਭਾਵਨਾ ਨਾਲ ਉਹਨਾਂ ਨੂੰ ਕੰਮ ਕਰਦਿਆਂ ਹੋਇਆਂ ਦੇਖਕੇ ਇਸਲਾਮ ਦੀ ਸੁੰਦਰ ਸਿੱਖਿਆ ਦਾ ਕਰਮ ਰੂਪੀ ਅਵਲੋਕਣ ਵੀ ਕਰ ਲੈਂਦੇ ਹਨ ਅਤੇ ਜਿਵੇਂ ਕਿ ਮੈਂ ਕਿਹਾ ਕਿ ਇਹ ਪ੍ਰਚਾਰ ਦਾ ਬਹੁਤ ਵਡੱਾ ਸਾਧਨ ਹੈ । ਸੋ, ਰਜ਼ਾਕਾਰ ਕਾਰਕੁਨਾਨ (ਸਵੈਸੇਵਕਾਂ) ਦਾ ਇਕ ਬਹੁਤ ਵਡੱਾ ਕਿਰਦਾਰ ਹੈ ਅਤੇ ਕਾਰਕੁਨਾਨ ਜਿੱਥੇ ਅਤੇ ਜਿਸ ਪੁਜ਼ੀਸ਼ਨ'ਤੇ ਕੰਮ ਕਰ ਰਹੇ ਹਨ ਉਹਨਾਂ ਦੀ ਇਕ ਆਪਣੀ ਮਹਤੱਾ ਹੈ ਅਤੇ ਇਸ ਮਹਤੱਾ ਨੂੰ ਇਕ ਸਹਾਇਕ ਸੇਵਕ (ਮੁਆਵਨ ਕਾਰਕੁਨ) ਤੋਂ ਲੈਕੇ ਅਫ਼ਸਰ ਤੱਕ ਹਰ ਇਕ ਨੂੰ ਆਪਣੇ ਸਾਹਮਣੇ ਰਖੱਣਾ ਚਾਹੀਦਾ ਹੈ । ਇਕ ਸਾਧਾਰਣ ਸੇਵਕ ਚਾਹੇ ਉਹ ਛੋਟਾ ਜਿਹਾ ਬਚੱਾ ਪਾਣੀ ਪਿਆਉਣ ਵਾਲਾ ਹੀ ਹੋਵੇ, ਉਸ ਦਾ ਰਵੱਈਆ ਤੇ ਇਕ ਲਗਨ ਨਾਲ ਨਿਸੁਆਰਥ ਹੋਕੇ ਕੰਮ ਕਰਨਾ ਜਿੱਥੇ ਉਸ ਨੂੰ ਰੱਬ ਦੀ ਖ਼ੁਸ਼ੀ ਪ੍ਰਾਪਤ ਕਰਨ ਵਾਲਾ ਬਣਾ ਰਿਹਾ ਹੁੰਦਾ ਹੈ ਓਥੇ ਗ਼ੈਰ੍ਹਾਂ ਨੂੰ ਵੀ ਪ੍ਰਭਾਵਤ ਕਰ ਰਿਹਾ ਹੁੰਦਾ ਹੈ । ਜਿਸ ਦਾ ਜਲਸੇ ਵਿੱਚ ਭਾਗ ਲੈਂਣ ਵਾਲੇ ਮਹਿਮਾਨ ਵੀ ਪ੍ਰਗਟਾਵਾ ਕਰਦੇ ਹਨ । ਇਸੇ ਪ੍ਰਕਾਰ ਸਹਾਇਕਾਂ ਤੋਂ ਬਿਨਾ ਅਫ਼ਸਰਾਂ ਨੂੰ ਵੀ ਚੇਤੇ ਰਖੱਣਾ ਚਾਹੀਦਾ ਹੈ ਕਿ ਕੇਵਲ ਕਾਰਕੁਨਾ ਤੇ ਸਹਾਇਕਾਂ ਨੂੰ ਹੀ ਸੇਵਾ ਕਰਨ ਵਾਲਾ ਸਮਝਕੇ ਉਹਨਾਂ ਤੋਂ ਕੰਮ ਨ ਲੈਂਣ ਸਗੋਂ ਆਪ ਵੀ ਨਿਮਰਤਾ ਨਾਲ ਇਕ ਸਹਾਇਕ ਤੇ ਸਾਧਾਰਣ ਕਾਰਕੁਨ ਵਾਂਗ ਕੰਮ ਕਰਨ ਦਾ ਜਤਨ ਕਰਨ । ਆਪਣੇ ਕਾਰਕੁਨਾ ਨਾਲ ਅਤੇ ਦੂਜਿਆਂ ਲੋਕਾਂ ਨਾਲ ਅਤੇ ਮਹਿਮਾਨਾ ਨਾਲ ਵੀ ਆਪਣੇ ਨਰਮ ਰਵੱਈਏ ਅਤੇ ਸਹਾਇਕ ਵਾਲੇ ਰਖੱਣ । ਮੂੰਹ'ਤੇ ਵਿਨ੍ਰਮਤਾ, ਆਜਜ਼ੀ ਤੇ ਨਰਮੀ ਦੇ ਪ੍ਰਭਾਵ ਦਿਖਾਈ ਦਿੰਦੇ ਹੋਣ । ਬੋਲੀ ਵਿੱਚ ਨਰਮੀ ਅਤੇ ਆਚਰਣ ਦੇ ਉੱਚੇ

ਮਿਆਰ ਕਾਇਮ ਹੋ ਰਹੇ ਹੋਣ । ਹਮੇਸ਼ਾ ਚੇਤੇ ਰਖੱਣਾ ਚਾਹੀਦਾ ਹੈ ਕਿ ਮਹਿਮਾਨ ਨਵਾਜ਼ੀ (ਪ੍ਰਾਹੁਣਾਚਾਰੀ) ਇਕ ਬਹੁਤ ਤਹੀ ਮਹਤੱਵਪੂਰਨ ਵਿਭਾਗ ਹੈ, ਪ੍ਰਾਹੁਣਾਚਾਰੀ ਕੇਵਲ ਖਾਣਾ ਖੁਆਉਣਾ, ਪਾਣੀ ਪਿਆਉਣਾ ਜਾਂ ਵੱਧ ਤੋਂ ਵੱਧ ਰਿਹਾਇਸ਼ ਦਾ ਪ੍ਰਬੰਧ ਕਰ ਦੇਣਾ ਨਹੀਂ ਹੈ ਸਗੋਂ ਜਲਸਾ ਸਾਲਾਨਾ ਦਾ ਹਰ ਵਿਭਾਗ ਹੀ ਪ੍ਰਾਹੁਣਾਚਾਰੀ ਹੈ ਭਾਵੇਂ ਉਸ ਨੂੰ ਕੋਈ ਵੀ ਨਾਂ ਦਿੱਤਾ ਗਿਆ ਹੋਵੇ । ਜਲਸੇ'ਤੇ ਜੋ ਵੀ ਆਉਂਦਾ ਹੈ ਉਹ ਮਹਿਮਾਨ ਹੈ ਅਤੇ ਉਸ ਦੀਆਂ ਲੋੜਾਂ ਦਾ ਖ਼ਿਆਲ ਆਪਣੇ ਉਪੱਲਭਦ ਸਾਧਨਾ ਰਹੀਂ ਰਖੱਣਾ ਹਰ ਵਿਅਕਤੀ ਦਾ, ਜੋ ਜਲਸਾ ਸਾਲਾਨਾ ਦੀ ਕਿਸੇ ਵੀ ਡਿਊਟੀ'ਤੇ ਨਿਯੁਕਤ ਹੈ ਜ਼ਰੂਰੀ ਹੈ । ਇਸ ਲਈ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਇਕ ਥਾਂ ਆਪਣੀਆਂ ਭਾਵਨਾਵਾਂ ਦਾ ਵਰਨਣ ਇਉਂ ਕੀਤਾ ਹੈ ਜੋ ਸਾਡੇ ਲਈ ਉਸੂਲੀ ਮਾਰਗਦਰਸ਼ਕ ਹੈ । ਆਪ ਅਲੈਹਿ ਸਲਾਮ ਨੇ ਇਕ ਥਾਂ ਫ਼ਰਮਾਇਆ ਕਿ ਮੇਰਾ ਹਮੇਸ਼ਾ ਖ਼ਿਆਲ ਰਹਿੰਦਾ ਹੈ ਕਿ ਕਿਸੇ ਮਹਿਮਾਨ ਨੂੰ ਕੋਈ ਕਸ਼ਟ ਨ ਹੋਵੇ ਸਗੋਂ ਇਸ ਬਾਰੇ ਹਮੇਸ਼ਾ ਤਾਕੀਦ ਕਰਦਾ ਰਹਿੰਦਾ ਹਾਂ ਕਿ ਜਿੱਥੋਂ ਤੱਕ ਹੋ ਸਕੇ ਮਹਿਮਾਨਾਂ ਨੂੰ ਆਰਾਮ ਦਿੱਤਾ ਜਾਵੇ । ਫ਼ਰਮਾਇਆ ਮਹਿਮਾਨ ਦਾ ਦਿਲ ਦਰਪਨ ਵਾਂਗ ਕੋਮਲ ਹੁੰਦਾ ਹੈ ਅਤੇ ਰਤਾ ਹਿਜੀ ਠੋਕਰ ਨਾਲ ਟੁੱਟ ਜਾਂਦਾ ਹੈ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਸੋ, ਸਾਨੂੰ ਇਸ ਗੱਲ ਨੂੰ ਚੇਤੇ ਰਖੱਣਾ ਚਾਹੀਦਾ ਹੈ ਅਤੇ ਆਪਣੇ ਸੁਭਾਵ'ਤੇ ਜਬਰ ਕਰਕੇ ਵੀ ਮਹਿਮਾਨ ਨੂੰ ਆਰਾਮ ਤੇ ਸੁੱਖ ਪਹੁੰਚਾਉਣ ਲਈ ਜਤਨ ਕਰਨਾ ਚਾਹੀਦਾ ਹੈ ਅਤੇ ਹਰ ਵਿਭਾਗ ਦੇ ਅਫ਼ਸਰਾਂ ਨੂੰ ਮੈਂ ਕਹਾਂਗਾ ਕਿ ਜੇਕਰ ਉਹਨਾਂ ਦਾ ਰਵੱਈਆ ਨਰਮ ਹੈ, ਉਹਨਾਂ ਦੇ ਆਚਰਣ ਚੰਗੇ ਹਨ, ਉਹਨਾਂ ਵਿੱਚ ਸਬਰ ਤੇ ਸਹਿਨਸ਼ੀਲਤਾ ਹੈ ਅਤੇ ਉਹਨਾਂ ਨੂੰ ਅਣਉਚਿਤ ਗੱਲ ਸੁਣਨ ਦਾ ਵੀ ਹੌਂਸਲਾ ਹੈ ਤਾਂ ਉਹਨਾਂ ਦੇ ਉਪ ਤੇ ਸਹਾਇਕ ਵੀ ਅਜਿਹੇ ਹੀ ਰਵੱਈਏ ਮਹਿਮਾਨਾ ਨਾਲ ਦਿਖਾਉਣਗੇ ਅਤੇ ਮਹਿਮਾਨ ਨਵਾਜ਼ੀ ਦੇ ਉਤੱਮ ਨਮੂਨੇ ਕਾਇਮ ਕਰਨਗੇ, ਪਰ ਜੇਕਰ ਅਫ਼ਸਰਾਂ ਦੇ ਮੂੰਹ'ਤੇ ਸਖ਼ਤੀ, ਗਲੱਾਂ ਵਿੱਚ ਕੌੜ ਅਤੇ ਗੱਲ ਨੂੰ ਗ਼ੌਰ ਨਾਲ ਨ ਸੁਣਨ ਅਤੇ ਸਹਿਨ ਨ ਕਰਨ ਦੀ ਆਦਤ ਹੈ ਤਾਂ ਉਹਨਾਂ ਦੇ ਉਪੱ ਤੇ ਸਹਾਇਕ ਵੀ ਉਹੋ ਜਿਹੇ ਰਵੱਈਏ ਦਿਖਾਉਣ ਵਾਲੇ ਹੋਣਗੇ । ਸੋ, ਮਹਿਮਾਨ ਨਵਾਜ਼ੀ ਦੇ ਉਤੱਮ ਮਿਆਰ ਕਾਇਮ ਕਰਨ ਲਈ ਹਰ ਵਿਭਾਗ ਦੇ ਅਫ਼ਸਰ ਆਪਣੀ ਹਾਲਤ ਦਾ ਜਾਇਜ਼ਾ ਲੈਂਦੇ ਰਹਿਣ ਅਤੇ ਵਿਨਮ੍ਰਤਾ ਤੇ ਆਜਜ਼ੀ ਨੂੰ ਅਥਾਹ ਤੱਕ ਪਹੁੰਚਾਉਣ ਦਾ ਜਤਨ ਕਰਨ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਰਿਹਾਇਸ਼ ਦੇ ਪ੍ਰਬੰਧਕਾਂ ਨੂੰ ਚੇਤੇ ਰਖੱਣਾ ਚਾਹੀਦਾ ਹੈ ਸਾਮੂਹਿਕ ਵਿਸ਼ਰਾਮ ਸਥਲਾਂ ਵਿੱਚ ਵੀ ਅਤੇ ਤੰਬੂਆਂ ਵਿੱਚ ਵੀ ਇਸਤਰੀਆਂ ਬੱਚਿਆਂ ਦੀ ਬੈਡਿੰਗ ਆਦਿ ਦਾ ਵਿਸ਼ੇਸ਼ ਧਿਆਨ ਰਖੱਣ । ਭਾਵੇਂ ਅੱਜ ਕੱਲ ਗਰਮੀਆਂ ਦੇ ਦਿਨ ਹਨ ਪਰ ਰਾਤ ਨੂੰ ਮੌਸਮ ਠੰਡਾ ਵੀ ਹੋ ਜਾਂਦਾ ਹੈ ਅਤੇ 'ਹਦੀਕਾਤੁਲ ਮਹਦੀ' ਵਿੱਚ ਜਿੱਥੇ ਜਲਸਾ ਹੋਣਾ ਹੈ (ਇੰਸ਼ਾਅਲੱਾਹ ਤਆਲਾ) ਲੰਦਨ ਦੀ ਦੀ ਤੁਲਨਾ ਵਿੱਚ ਚਾਰ ਪੰਜ ਡਿਗਰੀ ਟੈਂਪ੍ਰੇਚਰ ਘੱਟ ਰਹਿੰਦਾ ਹੈ, ਇਸ ਲਈ ਜੋ ਲੋਕ ਆਪਣੇ ਸੌਣ ਆਦਿ ਦਾ ਪ੍ਰਬੰਧ ਕਰਕੇ ਆਉਂਦੇ ਹਨ, ਉਹਨਾਂ ਨੂੰ ਇਹ ਗੱਲ ਸਾਹਮਣੇ ਰਖੱਣੀ ਚਾਹੀਦੀ ਹੈ ਕਿ ਰਾਤ ਲਈ ਬਿਸਤਰਿਆਂ ਦਾ ਚੰਗਾ ਪ੍ਰਬੰਧ ਹੋਵੇ । ਬੀਤੇ ਸਾਲ ਇਹੋ ਤਜਰਬਾ ਹੈ ਕਿ ਬੱਚਿਆਂ ਵਾਲੇ ਕਈ ਵਾਰ ਮੌਸਮ ਠੰਡਾ ਹੋਣ ਕਰਕੇ ਰਾਤ ਨੂੰ ਪ੍ਰੇਸ਼ਾਨ ਹੁੰਦੇ ਰਹੇ । ਇਸੇ ਪ੍ਰਕਾਰ ਖਾਣਾ ਖੁਆਉਣ ਵਾਲੇ ਹਨ ਜਿੰਨ੍ਹਾ ਦਾ ਮਹਿਮਾਨਾ ਨਾਲ ਸਿਧੱਾ ਸੰਬੰਧ ਹੈ, ਉਹਨਾ ਨੂੰ ਮੈਂ ਹਮੇਸ਼ਾ ਚੇਤੇ ਕਰਾਉਂਦਾ

ਹਾਂ ਕਿ ਖਾਣਾ ਦਿੰਦੇ ਸਮੇਂ ਪਲੇਟ ਵਿੱਚ ਪਾਉਂਦਿਆਂ ਹੋਇਆ ਮਹਿਮਾਨ ਦੀ ਪਸੰਦ ਨੂੰ ਦੇਖ ਲਿਆ ਕਰਨ ਭਾਵੇਂ ਇਸ ਵਿੱਚ ਦਿਕੱਤ ਤੇ ਮੁਸ਼ਕਲ ਆਉਂਦੀ ਹੈ ਪਰ ਬਹਿਰਹਾਲ ਜਤਨ ਕਰਨ ਜਿੱਥੋਂ ਤੱਕ ਦੇਖ ਸਕਣ ਦੇਖਣ ਅਤੇ ਜੇਕਰ ਕੋਈ ਮਜਬੂਰੀ ਹੋਵੇ ਤਾਂ ਫਿਰ ਮਿੱਠ ਸੁਭਾਵੀ ਉਤੱਰ ਦੇਣ ।

ਫਿਰ ਟ੍ਰਾਂਸਪੋਰਟ ਦਾ ਪ੍ਰਬੰਧ ਵੀ ਇਕ ਬਹੁਤ ਮਹਤੱਵਪੂਰਨ ਵਿਵਸਥਾ ਹੈ ਅਤੇ ਇਸ ਵਾਰ ਪਾਰਕਿੰਗ ਦੂਰ ਹੋਣ ਕਰਕੇ ਅਧਿਕਤਰ ਸ਼ਟਲ ਬਸੱਾਂ ਦੀ ਵਿਵਸਥਾ ਕੀਤੀ ਗਈ ਹੈ ਤਾਂ ਜੋ ਲੋਕ ਸਮੇਂ ਸਿਰ ਜਲਸੇ ਵਿੱਚ ਪਹੁੰਚ ਸਕਣ ਅਤੇ ਕਾਰਾਂ'ਤੇ ਆਉਣ ਵਾਲੇ ਮਹਿਮਾਨਾਂ ਨੂੰ ਵੀ ਇਹ ਖਿਆਲ ਰਖੱਣਾ ਚਾਹੀਦਾ ਹੈ ਕਿ ਉਹਨਾਂ ਦੀ ਪਾਰਕਿੰਗ ਦੂਰ ਹੋ ਸਕਦੀ ਹੈ । ਇਸ ਲਈ ਸਮੇਂ ਦਾ ਮਾਰਜਨ ਰਖੱਕੇ ਆਪਣੀ ਯਾਤਰਾ ਅਰੰਭ ਕਰਨ । ਇਸੇ ਪ੍ਰਕਾਰ ਦੂਜੇ ਵਿਭਾਗ ਹਨ ਹਰ ਇਕ ਨੂੰ ਆਪਣੇ ਕੰਮ ਦੇ ਤਰੀਕੇ ਅਤੇ ਆਪਣੇ ਕਾਰਕੁਨਾਂ ਦੀ ਤਰਬੀਯਤ ਮਹਿਮਾਨਾ ਨੂੰ ਵੱਧ ਤੋਂ ਵੱਧ ਸਹੂਲਤ ਪਹੁੰਚਾਉਣ ਦੀ ਸੋਚ ਨਾਲ ਕਰਨੀ ਚਾਹੀਦੀ ਹੈ । 'ਖ਼ਿਦਮਤੇ ਖ਼ਲਕ' ਅਤੇ 'ਸਿਕਓਰਟੀ' ਦੇ ਕਾਰਕੁਨਾ ਨੂੰ ਪਹਿਲਾਂ ਤੋਂ ਵੱਧ ਹੁਸ਼ਿਆਰ ਹੋਕੇ ਕੰਮ ਕਰਨਾ ਹੋਵੇਗਾ ਜੋ ਦੁਨੀਆਂ ਦੇ ਅੱਜ ਕੱਲ ਹਾਲਾਤ ਹਨ, ਨਾਲ ਹੀ ਮਹਿਮਾਨਾਂ ਦੇ ਸਵੈਮਾਨ ਤੇ ਭਾਵਨਾਵਾਂ ਦਾ ਵੀ ਖਿਆਲ ਰਖੱਦਿਆਂ ਹੋਇਆਂ ਇਹ ਸਾਰਾ ਕੰਮ ਕਰਨਾ ਹੈ । ਕਾਰਡ ਚੈਕ ਕਰਨੇ ਅਤੇ ਦੂਜੀਆਂ ਚੈਕਿੰਗ ਸਕੈਨਿੰਗ ਆਦਿ ਪਹਿਲੇ ਦਿਨ ਤੋਂ ਅਖੀਰਲੇ ਦਿਕ ਤੱਕ ਪੂਰਾ ਧਿਆਨ ਦੇਣਾ ਹੋਵੇਗਾ ਅਤੇ ਹਰ ਵਾਰ ਜੱਦ ਕੋਈ ਬਾਹਰ ਜਾਂਦਾ ਹੈ ਤਾਂ ਅੰਦਰ ਆਉਂਦੇ ਸਮੇਂ ਚੈਕ ਕਰਨਾ ਹੋਵੇਗਾ, ਪਰ ਇਹ ਵੀ ਖ਼ਿਆਲ ਰਖੱਣਾ ਹੈ ਕਿ ਉਹਨਾਂ ਨੂੰ ਕਿਸੇ ਪ੍ਰਕਾਰ ਦਾ ਅਹਿਸਾਸ ਨ ਹੋਵੇ ਕਿ ਕੇਵਲ ਉਹਨਾਂ'ਤੇ ਹੀ ਦ੍ਰਿਸ਼ਟੀ ਹੈ ਜਾਂ ਕੋਈ ਬੁਰਾ ਵਰਤਾਉ ਕੀਤਾ ਜਾ ਰਿਹਾ ਹੈ । ਜਲਸਾ ਸਾਲਾਨਾ ਵਿੱਚ ਸ਼ਾਮਲ ਹੋਣ ਵਾਲਾ ਹਰ ਵਿਅਕਤੀ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦਾ ਮਹਿਮਾਨ ਹੈ । ਅਤੇ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਮਹਿਮਾਨ ਹੋਣ ਕਰਕੇ ਅਸੀਂ ਹਰ ਮਹਿਮਾਨ ਨੂੰ ਵਿਸ਼ੇਸ਼ ਮਹਿਮਾਨ ਸਮਝਣਾ ਹੈ ਅਤੇ ਉਸ ਦੀ ਮਹਿਮਾਨ ਨਵਾਜ਼ੀ ਦਾ ਭਰਪੂਰ ਜਤਨ ਕਰਨਾ ਹੈ ਹਰ ਵਿਭਾਗ ਦੇ ਅਫ਼ਸਰ ਨੂੰ ਵੀ ਚਾਹੀਦਾ ਹੈ ਕਿ ਆਪਣੇ ਵਿਭਾਗ ਨਾਲ ਸੰਬੰਧਤ ਕਮੀਆਂ ਨੂੰ ਦੇਖਣ ਲਈ ਕੁਝ ਲੋਕਾਂ ਦੀ ਡਿਊਟੀ ਲਗਾ ਦੇਣ ਜੋ ਆਪਣੇ ਵਿਭਾਗ ਦੇ ਕੰਮਾ ਦੇ ਵੱਧ ਘਾਟ ਦਾ ਜਾਇਜ਼ਾ ਲੈਕੇ ਸ਼ਾਮ ਨੂੰ ਆਪਣੇ ਅਫ਼ਸਰ ਨੂੰ ਰਿਪੋਰਟ ਦੇਣ । ਇਸ ਨਾਲ ਜਲਸੇ ਦੌਰਾਨ ਵੀ ਅਤੇ ਭਵਿੱਖ ਦੇ ਜਲਸੇ ਵਿੱਚ ਵੀ ਬਿਹਤਰੀ ਪੈਦਾ ਕਰਨ ਵਿੱਚ ਮਦਦ ਮਿਲੇਗੀ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਇਸ ਵੱਲ ਧਿਆਨ ਦੁਆਉਂਦਿਆਂ ਹੋਇਆਂ ਇਕ ਮੌਕੇ ਫ਼ਰਮਾਇਆ ਸੀ ਕਿ ਲੰਗਰ ਦੇ ਪ੍ਰਬੰਧਕ ਨੂੰ ਇਸ ਗੱਲ ਦਾ ਜਾਇਜ਼ਾ ਲੈਂਦੇ ਰਹਿਣਾ ਚਾਹੀਦਾ ਹੈ, ਪਰ ਕਿਉਂਕਿ ਉਹ ਇਕਲੱਾ ਮਨੁੱਖ ਹੈ ਇਸ ਲਈ ਕਈ ਵਾਰ ਖ਼ਿਆਲ ਨਹੀਂ ਰਹਿੰਦਾ, ਕਈ ਗਲੱਾਂ ਅੱਖੋਂ ਓਹਲੇ ਹੋ ਜਾਂਦੀਆਂ ਹਨ, ਇਸ ਲਈ ਦੂਜਾ ਵਿਅਕਤੀ ਚੇਤੇ ਕਰਾ ਦੇਵੇ ਅਤੇ ਚੇਤੇ ਕਰਾਉਣ ਦਾ ਚੰਗਾ ਢੰਗ ਇਹੋ ਹੈ ਕਿ ਅਫ਼ਸਰ ਆਪ ਕਿਸੇ ਨੂੰ ਚੇਤੇ ਕਰਾਉਣ ਲਈ ਨਿਯੁਕਤ ਕਰਨ ਜੋ ਜਾਇਜ਼ਾ ਲੈਂਦੇ ਰਹਿਣ ਕਿ ਕਿੱਥੇ ਕਿੱਥੇ ਕਮੀ ਹੈ । ਅਮੀਰ ਗ਼ਰੀਬ ਦੀ ਬਰਾਬਰ ਮਹਿਮਾਨ ਨਵਾਜ਼ੀ ਹੋਣੀ ਚਾਹੀਦੀ ਹੈ । ਇਕ ਮੌਕੇ ਫ਼ਰਮਾਇਆ ਕਿ ਜੋ ਨਵੇਂ ਅਪ੍ਰੀਚਿਤ ਵਿਅਕਤੀ ਹਨ ਅਰਥਾਤ ਆਉਣ ਵਾਲੇ ਮਹਿਮਾਨ ਜੋ ਪੂਰੀ ਤਰ੍ਹਾਂ ਵਾਕਫ਼ ਨਹੀਂ ਏਥੇ ਵੀ ਕਈ ਨਵੇਂ ਮਹਿਮਾਨ ਦੂਜਿਆਂ ਦੇਸ਼ਾਂ ਤੋਂ ਆਉਂਦੇ ਹਨ ਤਾਂ ਫ਼ਰਮਾਇਆ ਕਿ ਇਹ ਸਾਡਾ ਹੱਕ ਹੈ ਕਿ ਉਹਨਾਂ ਦੀ ਹਰ ਲੋੜ ਨੂੰ ਦ੍ਰਿਸ਼ਟੀਗੋਚਰ ਰੱਖੀਏ । ਫ਼ਰਮਾਇਆ ਕਈ ਵਾਰ ਕਿਸੇ ਨੂੰ ਸ਼ੋਚਾਲੇ ਦਾ ਪਤਾ ਨਹੀਂ

ਹੁੰਦਾ ਤਾਂ ਉਸ ਨੂੰ ਬਹੁਤ ਕਸ਼ਟ ਹੁੰਦਾ ਹੈ ਇਸ ਲਈ ਜ਼ਰੂਰੀ ਹੈ ਕਿ ਮਹਿਮਾਨ ਦੀਆਂ ਲੋੜਾਂ ਦਾ ਬਹੁਤ ਖ਼ਿਆਲ ਰੱਖਿਆ ਜਾਵੇ । ਆਪ ਨੇ ਫ਼ਰਮਾਇਆ ਕਿ ਜਿੰਨ੍ਹਾ ਲੋਕਾਂ ਨੂੰ ਅਜਿਹੇ ਕੰਮਾ ਲਈ ਲਾਇਆ ਜਾਵੇ ਜਾਂ ਨਿਯੁਕਤ ਕੀਤਾ ਹੈ ਇਹ ਉਹਨਾਂ ਦਾ ਫ਼ਰਜ਼ ਬਣਦਾ ਹੈ ਕਿ ਕਿਸੇ ਪ੍ਰਕਾਰ ਦੀ ਕੋਈ ਸ਼ਿਕਾਇਤ ਨ ਹੋਣ ਦੇਣ ਕਿਉਂਕਿ ਲੋਕ ਸੈਂਕੜਿਆ ਹਜ਼ਾਰਾਂ ਕੋਹਾਂ ਦਾ ਸਫ਼ਰ ਕਰਕੇ ਸਚਾਈ ਤੇ ਅਖ਼ਲਾਕ ਨਾਲ ਸੱਚ ਦੀ ਖੋਜ ਲਈ ਆਉਂਦੇ ਹਨ ।

ਫਿਰ ਇਕ ਮੌਕੇ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਫ਼ਰਮਾਇਆ ਕਿ ਮੇਰੇ ਉਸੂਲ ਅਨੁਸਾਰ ਜੇਕਰ ਕੋਈ ਮਹਿਮਾਨ ਆਵੇ ਅਤੇ ਗਾਲ੍ਹਾਂ ਤੱਕ ਵੀ ਨੌਬਤ ਪਹੁੰਚ ਜਾਵੇ ਤਾਂ ਉਸਨੂੰ ਜਰਨਾ ਚਾਹੀਦਾ ਹੈ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੀ ਮਹਮਾਨ ਨਵਾਜ਼ੀ ਦੇ ਮਿਆਰ ਬਾਰੇ ਲਿਖੱਣ ਵਾਲੇ ਨੇ ਇਕ ਵਾਰ ਚੇਤੇ ਕਰਦਿਆਂ ਲਿੱਖਿਆ ਕਿ ਆਲਾ ਹਜ਼ਰਤ ਹੁਜੱਤੁਲਾਹ ਮਸੀਹ ਮੌਊਦ ਅਲਹਿ ਸਲਾਮ ਮਹਿਮਾਨ ਨਵਾਜ਼ੀ ਵਿੱਚ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਵਾਂਗ ਤੇ ਜੀਉਂਦੀ ਉਧਾਰਣ ਹਨ । ਜਿੰਨ੍ਹਾ ਲੋਕਾਂ ਨੂੰ ਅਧਿਕਤਰ ਆਪ ਜੀ ਦੀ ਸੰਗਤ ਵਿੱਚ ਰਹਿਣ ਦਾ ਮੌਕਾ ਮਿਲਿਆ ਉਹ ਚੰਗੀ ਤਰ੍ਹਾਂ ਜਾਣਦੇ ਹਨ ਕਿ ਕਿਸੇ ਮਹਿਮਾਨ ਨੂੰ ਭਾਵੇਂ ਉਹ ਜਮਾਤ ਵਿੱਚ ਦਾਖ਼ਲ ਹੋਵੇ ਜਾਂ ਨ ਦਾਖ਼ਲ ਹੋਵੇ ਅਰਥਾਤ ਅਹਮਦੀ ਹੈ ਜਾਂ ਨਹੀਂ, ਰਤਾ ਜਿੰਨ੍ਹਾ ਕਸ਼ਟ ਹਜ਼ੂਰ ਨੂੰ ਬੇਚੈਨ ਕਰ ਦਿੰਦਾ ਹੈ ਫਿਰ ਅਖ਼ਲਾਸ ਰਖੱਣ ਵਾਲਿਆਂ ਲਈ ਤਾਂ ਆਪ ਹੋਰ ਵੀ ਜੋਸ਼ ਤੇ ਮਿਹਰ ਰਖੱਦੇ । ਸੋ ਇਹ ਜੋਸ਼ ਅਤੇ ਮਿਹਰ ਸਾਨੂੰ ਜਲਸੇ'ਤੇ ਆਉਣ ਵਾਲੇ ਮਹਿਮਾਨਾ ਲਈ ਵੱਧ ਤੋਂ ਵੱਧ ਦਿਖਾਉਣਾ ਚਾਹੀਦਾ ਹੈ । ਹਜ਼ਰਤ ਮੁਹੱਮਦ ਸਲਲੱਾਹੁ ਅਲੈਹਿ ਵਸਲਮ ਨੇ ਮਹਿਮਾਨ ਦੀ ਮਹਤੱਾ ਤੇ ਸਨਮਾਨ ਬਾਰੇ ਜੋ ਸਾਨੂੰ ਨਿਰਦੇਸ਼ ਦਿੱਤਾ ਹੈ ਇਸ ਬਾਰੇ ਇਕ ਰਿਵਾਇਤ ਵਿੱਚ ਆਉਂਦਾ ਹੈ ਕਿ ਆਪ ਸਲਲੱਾਹੁ ਅਲੈਹਿ ਵਸਲਮ ਨੇ ਫ਼ਰਮਾਇਆ ਕਿ ਅਲੱਾਹ ਅਤੇ ਯੌਮੇ ਆਖ਼ਰਤ ਉਪੱਰ ਇਮਾਨ ਲਈ ਤਿੰਨ ਗਲੱਾਂ ਦਾ ਕਰਨਾ ਜ਼ਰੂਰੀ ਹੈ । ਇਹ ਕਿ ਚੰਗੀ ਗੱਲ ਕਹੋ ਜਾਂ ਚੁੱਪ ਰਹੋ । ਆਪਣੇ ਗਵਾਂਢੀ ਦਾ ਸਨਮਾਨ ਕਰੋ ਅਤੇ ਤੀਜਾ ਇਹ ਕਿ ਆਪਣੇ ਮਹਿਮਾਨ ਦਾ ਸਨਮਾਨ ਕਰੋ । ਸੋ, ਮਹਿਮਾਨ ਦਾ ਸਨਮਾਨ ਵੀ ਰੱਬ ਅਤੇ ਯੌਮ ਆਖ਼ਰ ਉਪੱਰ ਇਮਾਨ ਦੀਆਂ ਸ਼ਰਤਾਂ ਵਿੱਚੋਂ ਇਕ ਸ਼ਰਤ ਹੈ । ਇਸ ਬਿਨਾ ਹੋਰ ਵੀ ਅਨੇਕਾਂ ਸ਼ਰਤਾਂ ਹਨ ਜਾਂ ਇਕ ਮੋਮਨ ਦੇ ਇਮਾਨ ਦੇ ਉਤੱਮ ਮਿਆਰ ਕਹਿ ਸਕਦੇ ਹਾਂ ਕਿ ਮਹਿਮਾਨ ਨਵਾਜ਼ੀ ਵੀ ਇਕ ਸ਼ਰਤ ਹੈ ।

ਮਹਿਮਾਨ ਨਵਾਜ਼ੀ ਬਾਰੇ ਇਹ ਵੀ ਦੱਸ ਦਿਆਂ ਕਿ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਮਹਿਮਾਨਾ ਦੀ ਦੀਨੀ (ਧਾਰਮਕ) ਹਾਲਤ ਦੀ ਬਿਹਤਰੀ ਤੇ ਅਤੇ ਸੁਭਾਵ ਦਾ ਵੀ ਖ਼ਿਆਲ ਰਖੱਦੇ ਸਨ । ਕਿਉਂਕਿ ਇਕ ਰਿਵਾਇਤ ਵਿੱਚ ਆਉਂਦਾ ਹੈ ਕਿ ਆਪ ਨੇ ਆਏ ਹੋਏ ਮਹਿਮਾਨਾਂ ਨੂੰ ਖਾਣਾ ਆਦਿ ਖੁਆਉਣ ਦੇ ਬਾਦ ਮਹਿਮਾਨਾ ਨੂੰ ਉਹਨਾਂ ਦੀ ਇਛੱਾ ਅਨੁਸਾਰ ਮਸਜਿਦ ਵਿੱਚ ਸੌਂਣ ਲਈ ਭੇਜ ਦਿਤੱਾ ਅਤੇ ਫਿਰ ਸਵੇਰੇ ਫ਼ਜਰ ਦੀ ਨਮਾਜ਼ ਸਮੇਂ ਸਾਰਿਆਂ ਨੂੰ ਜਗਾਇਆ । ਸੋ, ਜਲਸੇ ਵਿੱਚ ਜੋ ਵਿਭਾਗ ਤਰਬੀਯਤ ਦਾ ਹੈ ਉਹ ਵੀ ਇਸੇ ਲਈ ਕਾਇਮ ਕੀਤਾ ਗਿਆ ਹੈ ਕਿ ਮਹਿਮਾਨਾ ਨੂੰ ਨਮਾਜ਼ ਲਈ ਵੀ ਧਿਆਨ ਦੁਆਉਂਦੇ ਰਹਿਣ ਅਤੇ ਫ਼ਜਰ ਤੇ ਤਹਜੁੱਦ ਲਈ ਜਗਾਉਣ ਪਰ ਨਰਮੀ ਤੇ ਪਿਆਰ ਨਾਲ । ਬਹਿਰਹਾਲ ਇਕ ਕੁਝ ਗਲੱਾਂ ਸਨ ਜੋ ਮਹਿਮਾਨਾ ਦੇ ਹਵਾਲੇ ਨਾਲ ਮੈਂ ਆਖੀਆਂ ਹਨ । ਅਲੱਾਹ ਤਆਲਾ ਸਾਰਿਆਂ ਕਾਰਕੁਨਾ ਨੂੰ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਮਹਿਮਾਨਾ ਦੀ ਸੁਚੱਜੇ ਢੰਗ ਨਾਲ ਸੇਵਾ ਕਰਨ ਦਾ ਸੰਜੋਗ ਪ੍ਰਦਾਨ ਕਰੇ ।

ਖ਼ੁਤਬੇ ਦੇ ਅਖ਼ੀਰ ਵਿੱਚ ਸਯੱਦਨਾ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿਨਸਰਿਹਿਲ ਅਜ਼ੀਜ਼ ਨੇ ਦੋ ਮਰਹੂਮੀਨ ਦੀ ਨਮਾਜ਼ ਜਨਾਜ਼ਾਹ ਗ਼ਾਇਬ ਪੜ੍ਹਾਉਣ ਦਾ ਐਲਾਨ ਕੀਤਾ । ਪਹਿਲਾ ਜਨਾਜ਼ਾ ਮੁਕਰੱਮ ਸਯੱਦ ਮੁਹਮੱਦ ਅਹਮਦ ਸਾਹਬ ਸਪੁਤੱਰ ਹਜ਼ਰਤ ਡਾਕਟਰ ਮੀਰ ਮੁਹਮੱਦ ਇਸਮਾਈਲ ਸਾਹਬ ਰਜ਼ੀ ਅਲੱਾਹ ਅਨਹੁ ਦਾ ਹੈ ਜੋ 13 ਜੁਲਾਈ ਨੂੰ ਲਗਭਗ 92 ਸਾਲ ਦੀ ਉਮਰ ਭੋਗਕੇ ਲਹੌਰ ਵਿੱਚ ਰੱਬ ਨੂੰ ਪਿਆਰੇ ਹੋ ਗਏ । (اناللہوانا الیہراجعون) ਇਨੱਾ ਲਿਲੱਾਹਿ ਵ ਇਨੱਾ ਇਲੈਹਿ ਰਾਜਿਊਨ । ਦੂਜਾ ਜਨਾਜ਼ਾਹ ਮੁਕਰੱਮਾ ਮਹਮੂਦਾ ਬੇਗ਼ਮ ਸਾਹਿਬਾ ਸੁਪਤੱਨੀ ਚੋਧਰੀ ਮੁਹਮੱਦ ਸਿੱਦੀਕ ਸਾਹਬ ਭੱਟੀ ਦਾ ਹੈ । ਇਹ ਮੁਕਰੱਮ ਅਸਗ਼ਰ ਅਲੀ ਸਾਹਬ ਭੱਟੀ ਮੁਬਲੱਗ਼ ਜਮਾਤ ਨਾਈਜੀਰੀਆ ਦੀ ਮਾਤਾ ਸਨ । 16 ਜੁਲਾਈ ਨੂੰ 73 ਸਾਲ ਦੀ ਉਮਰ ਵਿੱਚ ਵਫ਼ਾਤ ਪਾਈ । (اناللہواناالیہراجعون) ਇਨੱਾ ਲਿਲੱਾਹਿ ਵ ਇਨੱਾ ਇਲੈਹਿ ਰਾਜਿਊਨ ।

**Khulasa Khutba Jumma 21.07.2017**
Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, from Punjabi Desk
From : Nazarat Nashr-o-Isha'at Qadian-143516, Distt. Gurdaspur, Punjab (INDIA)

Toll Free Shoba Noorul Islam-1800-3010-2131